Australian Government
Department of Education

# ਮੈਡੀਬੈਂਕ ਪ੍ਰਾਈਵੇਟ ਸਾਈਬਰ ਹਮਲੇ ਦੀ ਘਟਨਾ

## ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਜਾਣਕਾਰੀ

28 ਅਕਤੂਬਰ 2022

ਮੈਡੀਬੈਂਕ ਪ੍ਰਾਈਵੇਟ ਵਿੱਚ ਇੱਕ ਅਹਿਮ ਸਾਈਬਰ ਹਮਲੇ ਦੀ ਘਟਨਾ ਵਾਪਰੀ ਹੈ ਜਿਸ ਨੇ ਆਸਟਰੇਲੀਆ ਵਿੱਚ ਪੜ੍ਹ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪ੍ਰਭਾਵਿਤ ਕੀਤਾ ਹੈ ਜਿਨ੍ਹਾਂ ਕੋਲ ਮੈਡੀਬੈਂਕ ਪ੍ਰਾਈਵੇਟ ਜਾਂ ਮੈਡੀਬੈਂਕ ਪ੍ਰਾਈਵੇਟ ਲਿਮਟਿਡ ਦੀ ਇੱਕ ਸਹਾਇਕ ਕੰਪਨੀ ਆਸਟ੍ਰੇਲੀਆਈ ਹੈਲਥ ਮੈਨੇਜਮੈਂਟ ਗਰੁੱਪ Pty Ltd (ahm) ਨਾਲ ਵਿਦੇਸ਼ੀ ਵਿਦਿਆਰਥੀ ਲਈ ਸਿਹਤ ਬੀਮੇ ਦੀਆਂ ਪਾਲਿਸੀਆਂ ਹਨੈ।

ਇਹ ਇੱਕ ਵਿਕਸਤ ਹੋ ਰਹੀ ਸਥਿਤੀ ਹੈ; ਹਾਲਾਂਕਿ ਮੈਡੀਬੈਂਕ ਦੀ ਸਾਈਬਰ ਕ੍ਰਾਈਮ ਜਾਂਚ ਨੇ ਹੁਣ ਇਹ ਪਤਾ ਲਗਾਇਆ ਹੈ ਕਿ ਇਸਦੇ ਅੰਤਰਰਾਸ਼ਟਰੀ ਵਿਦਿਆਰਥੀ ਗਾਹਕਾਂ ਦੇ ਨਿੱਜੀ ਡੇਟਾ ਅਤੇ ਬਹੁਤ ਵੱਡੀ ਮਾਤਰਾ ਵਿੱਚ ਸਿਹਤ ਦਾਅਵਿਆਂ ਦੇ ਡੇਟਾ ਤੱਕ ਪਹੁੰਚ ਕੀਤੀ ਗਈ ਸੀ।

### ਆਸਟ੍ਰੇਲੀਆ ਸਰਕਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਹਾਇਤਾ ਕਿਵੇਂ ਕਰ ਰਹੀ ਹੈ?

ਆਸਟ੍ਰੇਲੀਆ ਸਰਕਾਰ ਮੈਡੀਬੈਂਕ ਨਾਲ ਮਿਲ ਕੇ ਕੰਮ ਕਰ ਰਹੀ ਹੈ ਤਾਂ ਜੋ ਇਸ ਸਥਿਤੀ ਨੂੰ ਹੱਲ ਕਰਨ ਅਤੇ ਉਹਨਾਂ ਗਾਹਕਾਂ ਦੀ ਸੁਰੱਖਿਆ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ ਜੋ ਇਸ ਕਾਰਨ ਪ੍ਰਭਾਵਿਤ ਹੋਏ ਹੋ ਸਕਦੇ ਹਨ।

Services Australia (ਸਰਵਿਸਿਜ਼ ਆਸਟ੍ਰੇਲੀਆ) ਇਹ ਪਛਾਣ ਕਰਨ ਲਈ ਮੈਡੀਬੈਂਕ ਨਾਲ ਮਿਲ ਕੇ ਕੰਮ ਕਰ ਰਿਹਾ ਹੈ ਕਿ ਕਿਹੜੀ ਜਾਣਕਾਰੀ ਚੋਰੀ ਹੋਈ ਹੈ ਅਤੇ ਇਸਨੂੰ ਬਚਾਉਣ ਵਿੱਚ ਕਿਵੇਂ ਮੱਦਦ ਕੀਤੀ ਜਾ ਸਕਦੀ ਹੈ। Department of Health and Aged Care (ਸਿਹਤ ਅਤੇ ਬਜ਼ੁਰਗ ਦੇਖਭਾਲ ਵਿਭਾਗ) ਨਿੱਜੀ ਤੌਰ 'ਤੇ ਬੀਮਾਯੁਕਤ ਗਾਹਕਾਂ ਲਈ ਪ੍ਰਭਾਵ ਨੂੰ ਸਮਝਣ ਅਤੇ ਪ੍ਰਭਾਵਿਤ ਗਾਹਕਾਂ ਨਾਲ ਗੱਲਬਾਤ ਕਰਨ ਲਈ ਮੈਡੀਬੈਂਕ ਦੀ ਰਣਨੀਤੀ ਨੂੰ ਸਮਝਣ ਅਤੇ ਸਹਾਇਤਾ ਕਰਨ ਲਈ ਲਗਾਤਾਰ ਮੈਡੀਬੈਂਕ ਦੇ ਸੰਪਰਕ ਵਿੱਚ ਰਿਹਾ ਹੈ।

### ਮੈਡੀਬੈਂਕ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਹਾਇਤਾ ਕਿਵੇਂ ਕਰ ਰਿਹਾ ਹੈ?

ਮੈਡੀਬੈਂਕ ਨੇ ਪ੍ਰਭਾਵਿਤ ਗਾਹਕਾਂ ਨਾਲ ਸਿੱਧਾ ਸੰਪਰਕ ਕਰਨਾ ਸ਼ੁਰੂ ਕਰ ਦਿੱਤਾ ਹੈ ਤਾਂ ਜੋ ਇਸ ਬਾਰੇ ਸਹਾਇਤਾ ਅਤੇ ਮਾਰਗਦਰਸ਼ਨ ਦਿੱਤਾ ਜਾ ਸਕੇ ਕਿ ਅੱਗੇ ਕੀ ਕਰਨਾ ਹੈ। ਮੈਡੀਬੈਂਕ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਸਮੇਤ ਸਾਈਬਰ ਕ੍ਰਾਈਮ ਤੋਂ ਪ੍ਰਭਾਵਿਤ ਸਾਰੇ ਗਾਹਕਾਂ ਲਈ ਇੱਕ ਸਹਾਇਤਾ ਪੈਕੇਜ ਦਾ ਐਲਾਨ ਵੀ ਕੀਤਾ ਹੈ। ਇਸ ਸਹਾਇਤਾ ਪੈਕੇਜ ਵਿੱਚ ਸ਼ਾਮਲ ਹਨ:

- ਉਹਨਾਂ ਗਾਹਕਾਂ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਤੰਗੀ ਸਹਾਇਤਾ ਪੈਕੇਜ ਹੈ ਜੋ ਇਸ ਜੁਰਮ ਦੇ ਨਤੀਜੇ ਵਜੋਂ ਵਿਲੱਖਣ ਤੌਰ 'ਤੇ ਕਮਜ਼ੋਰ ਸਥਿਤੀ ਵਿੱਚ ਹਨ, ਜਿਨ੍ਹਾਂ ਨੂੰ ਵਿਅਕਤੀਗਤ ਅਧਾਰ 'ਤੇ ਸਹਾਇਤਾ ਦਿੱਤੀ ਜਾਵੇਗੀ।
- IDCARE ਤੋਂ ਵਿਸ਼ੇਸ਼ ਸਨਾਖ਼ਤ ਸੁਰੱਖਿਆ ਸਲਾਹ ਅਤੇ ਸਰੋਤਾਂ ਤੱਕ ਪਹੁੰਚ

- ਉਨ੍ਹਾਂ ਗਾਹਕਾਂ ਲਈ ਮੁਫ਼ਤ ਸਨਾਖ਼ਤ ਨਿਗਰਾਨੀ ਸੇਵਾਵਾਂ ਜਿਨ੍ਹਾਂ ਦੀ ਮੁੱਢਲੀ ID ਚੋਰੀ ਹੋਈ ਹੈ
- ਪੂਰੀ ਤਰ੍ਹਾਂ ਨਾਲ ਜਾਣਕਾਰੀ ਚੋਰੀ ਕੀਤੇ ਗਏ ਸ਼ਨਾਖ਼ਤੀ ਦਸਤਾਵੇਜ਼ਾਂ ਨੂੰ ਦੁਬਾਰਾ ਜਾਰੀ ਕਰਨ ਲਈ ਫ਼ੀਸਾਂ ਦੀ ਅਦਾਇਗੀ

ਮੈਡੀਬੈਂਕ ਨੇ ਉਨ੍ਹਾਂ ਗਾਹਕਾਂ ਦੀ ਮੱਦਦ ਲਈ ਵਿਸ਼ੇਸ਼ ਟੀਮਾਂ ਬਣਾਈਆਂ ਹਨ ਜਿਨ੍ਹਾਂ ਨੂੰ ਘੁਟਾਲੇ ਕਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਗਾਹਕਾਂ ਨੂੰ ਕੋਈ ਵੀ ਸ਼ੱਕੀ ਈਮੇਲ ਜਾਂ ਟੈਕਸਟ ਨੂੰ scaminvestigations@medibank.com.au ਜਾਂ scaminvestigations@ahm.com.au 'ਤੇ ਭੇਜਣਾ ਚਾਹੀਦਾ ਹੈ।

।ਅੰਤਰਰਾਸ਼ਟਰੀ ਵਿਦਿਆਰਥੀ ਮੈਡੀਬੈਂਕ ਨੂੰ 134 148 (ਜੇਕਰ ਆਸਟ੍ਰੇਲੀਆ ਤੋਂ ਬਾਹਰੋਂ ਕਾਲ ਕਰਦੇ ਹੋ ਤਾਂ +61 3 9862 1095) 'ਤੇ ਫ਼ੋਨ ਰਾਹੀਂ ਸੰਪਰਕ ਕਰ ਸਕਦੇ ਹਨ ਜਾਂ ਮੈਡੀਬੈਂਕ ਦੇ ਜਾਣਕਾਰੀ ਪੰਨੇ 'ਤੇ ਨਵੀਨਤਮ ਅੱਪਡੇਟ ਪੜ੍ਹ ਕੇ ਸੂਚਿਤ ਰਹਿ ਸਕਦੇ ਹਨ।

## ਮਾਨਸਿਕ ਸਿਹਤ ਸਹਾਇਤਾ

ਮਾਨਸਿਕ ਸਿਹਤ ਸਹਾਇਤਾ ਵੀ ਉਪਲਬਧ ਹੈ:

- ਸਾਈਬਰ ਹਮਲੇ ਦੀ ਘਟਨਾ ਤੋਂ ਪ੍ਰਭਾਵਿਤ ਅੰਤਰਰਾਸ਼ਟਰੀ ਵਿਦਿਆਰਥੀ 24/7 Student Health & Support Line (24/7 ਸਟੂਡੈਂਟ ਹੈਲਥ ਐਂਡ ਸਪੋਰਟ ਲਾਈਨ) 'ਤੇ ਕਾਲ ਕਰ ਸਕਦੇ ਹਨ। ਮੈਡੀਬੈਂਕ ਗਾਹਕ 1800 887 283 'ਤੇ ਕਾਲ ਕਰੋ, ਅਤੇ ahm ਗਾਹਕ 1800 006 745 'ਤੇ ਕਾਲ ਕਰੋ। ਦੁਭਾਸ਼ੀਆ ਸੇਵਾਵਾਂ ਵੀ ਉਪਲਬਧ ਹਨ।

## ਅੰਤਰਰਾਸ਼ਟਰੀ ਵਿਦਿਆਰਥੀ ਕੀ ਕਰ ਸਕਦੇ ਹਨ?

ਜੇਕਰ ਤੁਸੀਂ ਚਿੰਤਤ ਹੋ ਕਿ ਤੁਹਾਡੀ ਸਨਾਖ਼ਤ ਚੋਰੀ ਹੋ ਗਈ ਹੈ, ਤਾਂ ਤੁਰੰਤ ਆਪਣੇ ਦੂਤਾਵਾਸ ਅਤੇ ਆਪਣੇ ਬੈਂਕ ਨਾਲ ਸੰਪਰਕ ਕਰੋ, ਅਤੇ IDCARE ਨੂੰ 1800 595 160 'ਤੇ ਕਾਲ ਕਰੋ ।

ਇਸ ਘਟਨਾ ਦਾ ਹਵਾਲਾ ਦੇ ਕੇ ਘੁਟਾਲਾ ਕਰਨ ਵਾਲਿਆਂ ਤੋਂ ਸੁਚੇਤ ਰਹੋ। ਤੁਸੀਂ ਆਪਣੇ-ਆਪ ਨੂੰ ਬਚਾਉਣ ਲਈ ਕਈ ਕਦਮ ਚੁੱਕ ਸਕਦੇ ਹੋ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਕਿਸੇ ਵੀ ਅਸਧਾਰਨ ਗਤੀਵਿਧੀ ਲਈ ਆਪਣੀਆਂ ਡਿਵਾਈਸਾਂ ਅਤੇ ਖਾਤਿਆਂ ਦੀ ਸੁਰੱਖਿਆ ਅਤੇ ਨਿਗਰਾਨੀ ਕਰੋ, ਅਤੇ ਯਕੀਨੀ ਬਣਾਓ ਕਿ ਤੁਹਾਡੇ ਕੋਲ ਨਵੀਨਤਮ ਸੁਰੱਖਿਆ ਅੱਪਡੇਟ ਹਨ।
- ਸਾਰੇ ਖਾਤਿਆਂ ਲਈ ਮਲਟੀ-ਫੈਕਟਰ ਪ੍ਰਮਾਣੀਕਰਨ ਨੂੰ ਲਾਗੂ ਕਰੋ।
- ਜੇਕਰ ਤੁਹਾਡੀ ਸਨਾਖ਼ਤ ਜਾਣਕਾਰੀ ਚੋਰੀ ਹੋ ਗਈ ਹੈ, ਤਾਂ ਤੁਸੀਂ ਕਾਮਨਵੈਲਥ ਵਿਕਟਿਮਜ਼ ਸਰਟੀਫਿਕੇਟ ਲਈ ਅਰਜ਼ੀ ਦੇ ਸਕਦੇ ਹੋ।
- ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਸਾਈਬਰ ਕ੍ਰਾਈਮ ਦੇ ਸ਼ਿਕਾਰ ਹੋਏ ਹੋ, ਤਾਂ ਤੁਹਾਨੂੰ ReportCyber ਦੀ ਵਰਤੋਂ ਕਰਕੇ ਰਿਪੋਰਟ ਦਰਜ ਕਰਨੀ ਚਾਹੀਦੀ ਹੈ।
- ਜੇਕਰ ਤੁਹਾਨੂੰ ਇਹ ਕਦਮ ਚੁੱਕਣ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ cyber.gov.au 'ਤੇ ਜਾਓ।

ਤੁਸੀਂ Scamwatch 'ਤੇ ਜਾ ਕੇ ਆਪਣੇ-ਆਪ ਨੂੰ ਘੁਟਾਲਿਆਂ ਤੋਂ ਬਚਾਉਣ ਦਾ ਤਰੀਕਾ ਵੀ ਸਿੱਖ ਸਕਦੇ ਹੋ।

ਹੇਠ ਲਿਖੀਆਂ ਵੈੱਬਸਾਈਟਾਂ ਤੁਹਾਨੂੰ ਆਪਣੇ-ਆਪ ਨੂੰ ਸੁਰੱਖਿਅਤ ਰੱਖਣ, ਘੁਟਾਲਿਆਂ ਦੀ ਪਛਾਣ ਕਰਨ ਅਤੇ ਸੂਚਿਤ ਰਹਿਣ ਵਿੱਚ ਵੀ ਮੱਦਦ ਕਰ ਸਕਦੀਆਂ ਹਨ:

- Moneysmart ਲੋਕਾਂ ਨੂੰ ਉਹਨਾਂ ਦੇ ਵਿੱਤ ਦਾ ਨਿਯੰਤਰਣ ਲੈਣ ਵਿੱਚ ਸਹਾਇਤਾ ਕਰਨ ਲਈ ਮੁਫ਼ਤ ਟੂਲ, ਸੁਝਾਅ ਅਤੇ ਮਾਰਗਦਰਸ਼ਨ ਪ੍ਰਦਾਨ ਕਰਦਾ ਹੈ, ਜਿਸ ਵਿੱਚ ਸਨਾਖ਼ਤ ਚੋਰੀ ਹੋਣ ਦੀ ਸਥਿਤੀ ਵਿੱਚ ਕੀ ਕਰਨਾ ਹੈ, ਬਾਰੇ ਜਾਣਕਾਰੀ ਵੀ ਸ਼ਾਮਲ ਹੈ
- ਆਸਟ੍ਰੇਲੀਅਨ ਇਨਫਰਮੇਸ਼ਨ ਕਮਿਸ਼ਨਰ (OAIC) ਦਾ ਦਫ਼ਤਰ ਆਸਟ੍ਰੇਲੀਆ ਵਿੱਚ ਗੁਪਤਤਾ ਅਤੇ ਜਾਣਕਾਰੀ ਪਹੁੰਚ ਅਧਿਕਾਰਾਂ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਇਨ੍ਹਾਂ ਨੂੰ ਬਰਕਰਾਰ ਰੱਖਦਾ ਹੈ, ਅਤੇ ਇਹ ਜਾਣਕਾਰੀ ਪ੍ਰਦਾਨ ਕਰਦਾ ਹੈ ਕਿ ਜੇਕਰ ਤੁਹਾਡੀ ਸਨਾਖ਼ਤ ਚੋਰੀ ਹੋ ਗਈ ਹੈ ਤਾਂ ਕੀ ਕਰਨਾ ਹੈ
- ਆਸਟ੍ਰੇਲੀਆਈ ਸਾਈਬਰ ਸੁਰੱਖਿਆ ਕੇਂਦਰ ਸਾਈਬਰ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਆਸਟ੍ਰੇਲੀਆਈ ਸਰਕਾਰ ਦੇ ਯਤਨਾਂ ਦੀ ਅਗਵਾਈ ਕਰਦਾ ਹੈ, ਅਤੇ ਆਪਣੇ-ਆਪ ਨੂੰ ਔਨਲਾਈਨ ਸੁਰੱਖਿਅਤ ਕਿਵੇਂ ਰੱਖਣਾ ਹੈ ਇਸ ਬਾਰੇ ਸਲਾਹ ਅਤੇ ਜਾਣਕਾਰੀ ਪ੍ਰਦਾਨ ਕਰਦਾ ਹੈ।